# ਕਣਕ ਦੇ ਨਾੜ ਨੂੰ ਅੱਗ ਲਾਉਣ ਵਿਰੁੱਧ ਜਾਗਰੂਕਤਾ ਮੁਹਿੰਮ

## ਫ਼ਸਲਾਂ ਦੀ ਰਹਿੰਦ ਖੂਹੰਦ ਨੂੰ ਅੱਗ ਲਾਉਣ ਨਾਲ ਨੁਕਸਾਨ

❖ ਇੱਕ ਟਨ ਪਰਾਲੀ/ਨਾੜ ਵਿੱਚ 5.5 ਕਿੱਲੋ ਨਾਈਟ੍ਰੋਜਨ, 2.3 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼ ਅਤੇ 1.2 ਕਿੱਲੋ ਸਲਫਰ ਤੱਤ ਪਾਏ ਜਾਂਦੇ ਹਨ। ਅੱਗ ਲਾਉਣ ਕਾਰਨ ਇਹ ਤੱਤ ਖੱਤਮ ਹੋ ਜਾਂਦੇ ਹਨ। ਧਰਤੀ ਦੀ ਊਪਜਾਊ ਸ਼ਕਤੀ ਘੱਟ ਜਾਂਦੀ ਹੈ ਅਤੇ ਫ਼ਸਲਾਂ ਦੇ ਝਾੜ ਤੇ ਮਾੜਾ ਅਸਰ ਪੈਂਦਾ ਹੈ।

❖ ਇੱਕ ਟਨ ਪਰਾਲੀ/ਨਾੜ ਸਾੜਨ ਨਾਲ 70% ਕਾਰਬਨ ਡਾਈਆਕਸਾਈਡ, 7% ਕਾਰਬਨ ਮੋਨੋਆਕਸਾਈਡ, 2.09% ਨਾਈਟ੍ਰਿਕ ਆਕਸਾਈਡ ਅਤੇ 0.66% ਮੀਥੇਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ।

❖ ਸਾਹ ਅਤੇ ਅਲਰਜੀ ਵਰਗੀਆਂ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ।

❖ ਜਨ ਜੀਵਨ ਪ੍ਰਭਾਵਤ ਹੁੰਦਾ ਹੈ।

❖ ਇਨਸਾਨਾ ਤੋਂ ਇਲਾਵਾ ਪਸ਼ੂ, ਪੰਛੀਆਂ ਲਈ ਵੀ ਧੂੰਆ ਖਤਰਨਾਕ ਸਾਬਿਤ ਹੁੰਦਾ ਹੈ।

❖ ਸੜਕੀ ਹਾਦਸਿਆਂ ਵਿੱਚ ਵਾਧਾ ਹੁੰਦਾ ਹੈ।

❖ ਖੇਤ ਕਿਨਾਰੇ ਰੁੱਖ ਸੜ ਜਾਂਦੇ ਹਨ।

❖ ਜ਼ਮੀਨ ਵਿਚਲੇ ਸੂਖਮ ਜੀਵ ਅਤੇ ਹੋਰ ਮਿੱਤਰ ਕੀੜੇ ਖਤਮ ਹੋ ਜਾਂਦੇ ਹਨ।

## ਨਾੜ ਸਾਂਭਣ ਤੇ ਤਰੀਕੇ

### ਪਹਿਲਾ ਤਰੀਕਾ

❖ ਕਣਕ ਦੇ ਨਾੜ ਦੀ ਤੂੜੀ ਵਾਲੀ ਮਸ਼ੀਨ ਨਾਲ ਤੂੜੀ ਬਣਾਓ।

❖ ਬਚੇ ਹੋਏ ਨਾੜ ਨੂੰ ਮਿੱਟੀ ਵਿੱਚ ਮਿਲਾਓ ਅਤੇ ਗਾਲੋ।

❖ ਤੂੜੀ ਵਾਲੀ ਮਸ਼ੀਨ ਚਲਾਉਣ ਤੋਂ ਬਾਅਦ ਖੇਤ ਨੂੰ ਪਾਣੀ ਲਗਾਓ ਤੇ ਸਹੀ ਨਮੀਂ ਤੇ ਰੋਟਾਵੇਟਰ ਜਾਂ 2–3 ਵਾਰ ਡਿਸਕਾਂ ਚਲਾ ਕੇ ਨਾੜ ਨੂੰ ਜ਼ਮੀਨ ਵਿੱਚ ਮਿਲਾਓ।

❖ ਕੱਦੂ ਕਰਨ ਸਮੇਂ ਨਾੜ ਜ਼ਮੀਨ ਵਿੱਚ ਦੱਬਿਆ ਜਾਂਦਾ ਹੈ ਪਰ ਕੁੱਝ ਨਾੜ ਸਤਿਹ ਤੇ ਤੈਰਦਾ ਰਹਿੰਦਾ ਹੈ ਅਤੇ ਇਸ ਨਾੜ ਨੂੰ ਸਾਂਭਣ ਲਈ ਖੇਤ ਨੂੰ ਕੱਦੂ ਕਰਨ ਤੋਂ ਬਾਅਦ 4–6 ਘੰਟੇ ਖਾਲੀ ਛੱਡ ਦਿਓ।

❖ ਇਸ ਤੋਂ ਬਾਅਦ ਤੈਰ ਰਹੇ ਨਾੜ ਨੂੰ ਇੱਕ ਜਗ੍ਹਾ ਇੱਕਠਾ ਕਰਕੇ ਤਰੰਗਲੀ ਜਾਂ ਰੇਕ ਦੀ ਸਹਾਇਤਾ ਨਾਲ ਖੇਤ ਵਿਚੋਂ ਬਾਹਰ ਕੱਢੋ।

### ਦੂਜਾ ਤਰੀਕਾ

❖ ਕਣਕ ਦੀ ਕਟਾਈ ਉਪਰੰਤ ਖੇਤ ਦੀ ਰੌਣੀ ਕਰੋ।

❖ 20 ਕਿੱਲੋ ਜੰਤਰ ਪ੍ਰਤੀ ਏਕੜ ਜੋਕਿ ਅੱਠ ਘੰਟੇ ਲਈ ਪਾਣੀ ਵਿੱਚ ਭਿਉਂ ਲਿਆ ਹੋਵੇ ਜਾਂ
12 ਕਿੱਲੋ ਰਵਾਂਹ ਪ੍ਰਤੀ ਏਕੜ (ਮੋਟੇ ਬੀਜਾਂ ਲਈ 20 ਕਿੱਲੋ) ਜਾਂ
20 ਕਿੱਲੋ ਸਣ ਪ੍ਰਤੀ ਏਕੜ ਦੀ ਬਿਜਾਈ ਮਈ ਦੇ ਪਹਿਲੇ ਹਫ਼ਤੇ ਕਰੋ।

❖ ਝੋਨੇ ਦੀ ਪਨੀਰੀ ਲਾਉਣ ਤੋਂ ਇੱਕ ਦਿਨ ਪਹਿਲਾਂ ਹਰੀ ਖਾਦ ਦੀ ਫ਼ਸਲ ਨੂੰ ਦੱਬ ਦਿਓ।

❖ ਇਸ ਨਾਲ 6–8 ਹਫਤੇ ਦੀ ਦੀ ਹਰੀ ਖਾਦ ਦੱਬਣ ਨਾਲ 55 ਕਿੱਲੋ ਯੂਰੀਆ ਦੀ ਪ੍ਰਤੀ ਏਕੜ ਬੱਚਤ ਹੋ ਜਾਂਦੀ ਹੈ।

## ਨਾੜ ਅਤੇ ਪਰਾਲੀ ਨਾ ਸਾੜਨ ਲਈ ਹਦਾਇਤਾਂ

ਫ਼ਸਲੀ ਰਹਿੰਦ ਖੂਹੰਦ ਨੂੰ ਅੱਗ ਨਾਲ ਪੈਦਾ ਹੋਣ ਵਾਲੇ ਪ੍ਰਦੂਸਣ ਨੂੰ ਰੋਕਣ ਲਈ ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋਂ ਜਾਰੀ ਹੁਕਮ ਤਹਿਤ ਫ਼ਸਲੀ ਰਹਿੰਦ ਖੂਹੰਦ ਨੂੰ ਅੱਗ ਲਾਉਣ ਤੇ ਪੂਰਨ ਤੌਰ ਤੇ ਪਾਬੰਦੀ ਹੈ। **Section 19 in the Environment (Protection) Act, 1986** ਦੀ ਧਾਰਾ **U/S 15, 16** ਤਹਿਤ ਹੇਠ ਲਿਖੇ ਅਨੁਸਾਰ ਜੁਰਮਾਨ ਅਤੇ ਸਜ਼ਾ ਹੋ ਸਕਦੀ ਹੈ।

❖ 2 ਏਕੜ ਤੱਕ 2500 ਰੁਪਏ

❖ 2–5 ਏਕੜ ਤੱਕ 5000 ਰੁਪਏ

❖ 5 ਏਕੜ ਤੋਂ ਵੱਧ 15000 ਰੁਪਏ

ਜਾਰੀ ਕਰਤਾ
ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਟੈਲੀਫੋਨ ਨੰ 01823–250652,
ਈਮੇਲ–kvknsr@pau.edu,